Employment Development Department
State of California

# ਇੰਪਲੋਇਮੈਂਟ ਡਿਵੈਲਪਮੈਂਟ ਡਿਪਾਰਟਮੈਂਟ
# ਵਿਤਕਰੇ ਦੀ ਸ਼ਿਕਾਇਤ ਲਈ ਫ਼ਾਰਮ

ਕਿਰਪਾ ਕਰਕੇ ਇੰਪਲੋਇਮੈਂਟ ਡਿਵੈਲਪਮੈਂਟ ਡਿਪਾਰਟਮੈਂਟ (EDD) ਕੋਲ ਵਿਤਕਰੇ ਦੀ ਸ਼ਿਕਾਇਤ ਦਰਜ ਕਰਨ ਲਈ ਇਸ ਫ਼ਾਰਮ ਦੀ ਵਰਤੋਂ ਕਰੋ। ਵਿਤਕਰੇ ਦੀ ਸ਼ਿਕਾਇਤ ਸਬਮਿਟ ਕਰਨ ਲਈ, ਇਸ ਫ਼ਾਰਮ ਨੂੰ ਭਰੋ ਅਤੇ ਇਸਨੂੰ ਸਮਾਨ ਰੁਜ਼ਗਾਰ ਮੌਕਾ (EEO) ਦਫ਼ਤਰ ਵਿੱਚ ਭੇਜ ਦਿਓ।

ਡਾਕ ਦੁਆਰਾ: Employment Development Department
Equal Employment Opportunity Office
PO Box 826880, MIC 49
Sacramento, CA 94280-0001

ਫ਼ੈਕਸ ਦੁਆਰਾ: 1-916-654-9371
ਤਵੱਜੋ: Equal Employment Opportunity Office

## 1. ਸ਼ਿਕਾਇਤਕਰਤਾ ਦੀ ਜਾਣਕਾਰੀ:

ਘਰ ਦਾ ਫ਼ੋਨ: ______________
ਦਫ਼ਤਰ ਦਾ ਫ਼ੋਨ: ______________
ਸੈੱਲ: ______________

ਨਾਂ: ______________

ਸੜਕ ਦਾ ਪਤਾ: ______________

ਸ਼ਹਿਰ: ______________ ਈਮੇਲ: ______________

ਰਾਜ: ______________ ਜ਼ਿਪ ਕੋਡ: ______________

## 2. ਸ਼ਿਕਾਇਤਕਰਤਾ ਦੀ ਸੰਪਰਕ ਜਾਣਕਾਰੀ:

ਇਸ ਸ਼ਿਕਾਇਤ ਬਾਰੇ ਤੁਹਾਡੇ ਨਾਲ ਫ਼ੋਨ ਰਾਹੀਂ ਸੰਪਰਕ ਕਰਨ ਲਈ ਕਾਰੋਬਾਰ ਦੇ ਸਮੇਂ (ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ) ਦੇ ਦੌਰਾਨ ਸੁਵਿਧਾਜਨਕ ਸਮਾਂ ਕਦੋਂ ਹੈ?

| **ਦਿਨ** | **ਸੋਮਵਾਰ** | **ਮੰਗਲਵਾਰ** | **ਬੁੱਧਵਾਰ** | **ਵੀਰਵਾਰ** | **ਸ਼ੁੱਕਰਵਾਰ** |
|---|---|---|---|---|---|
| **ਸਮਾਂ** | | | | | |
| **ਫ਼ੋਨ ਨੰਬਰ** | | | | | |

## 3. ਉਸ ਵਿਅਕਤੀ ਦੀ ਸੰਪਰਕ ਜਾਣਕਾਰੀ ਜਿਸ ਬਾਰੇ ਤੁਸੀਂ ਦਾਅਵਾ ਕਰਦੇ ਹੋ ਕਿ ਉਸਨੇ ਤੁਹਾਡੇ ਨਾਲ ਵਿਤਕਰਾ ਕੀਤਾ ਸੀ:

**ਉਸ ਇਕਾਈ ਦਾ ਨਾਂ ਦੱਸੋ ਜਿੱਥੇ ਉਹ ਵਿਅਕਤੀ ਕੰਮ ਕਰਦਾ ਹੈ:**

ਤੁਹਾਡੇ ਨਾਲ ਵਿਤਕਰਾ ਕਰਨ ਵਾਲੇ ਵਿਅਕਤੀ(ਆਂ) ਦਾ ਨਾਂ:

ਵਿਅਕਤੀ(ਆਂ)/ਇਕਾਈ ਦਾ ਪਤਾ:

ਸ਼ਹਿਰ: ਰਾਜ: ਜ਼ਿਪ ਕੋਡ:

ਫ਼ੋਨ:

ਪਹਿਲੀ ਵਾਰੀ ਘਟਨਾ ਵਾਪਰਨ ਦੀ ਤਾਰੀਖ਼: ਸਭ ਤੋਂ ਹਾਲ ਹੀ ਵਿੱਚ ਘਟਨਾ ਵਾਪਰਨ ਦੀ ਤਾਰੀਖ਼:

## 4. ਸਾਨੂੰ ਘਟਨਾ(ਵਾਂ) ਬਾਰੇ ਦੱਸੋ:

- ਸੰਖੇਪ ਵਿੱਚ ਦੱਸੋ ਕਿ ਕੀ ਹੋਇਆ ਸੀ ਅਤੇ ਤੁਹਾਡੇ ਨਾਲ ਕਿਵੇਂ ਵਿਤਕਰਾ ਕੀਤਾ ਗਿਆ ਸੀ।
- ਘਟਨਾ(ਵਾਂ) ਵਾਪਰਨ ਦੀਆਂ ਤਾਰੀਖ਼ਾਂ ਦੱਸੋ।
- ਇਹ ਦੱਸੋ ਕਿਸ ਨੇ ਤੁਹਾਡੇ ਨਾਲ ਵਿਤਕਰਾ ਕੀਤਾ ਸੀ। ਜੇਕਰ ਮੁਮਕਿਨ ਹੋਵੇ, ਤਾਂ ਨਾਂ ਅਤੇ ਅਹੁਦੇ ਸ਼ਾਮਲ ਕਰੋ।
- ਜੇਕਰ ਦੂਜੇ ਲੋਕਾਂ ਨਾਲ ਤੁਹਾਡੇ ਨਾਲੋਂ ਵੱਖਰਾ ਸਲੂਕ ਕੀਤਾ ਗਿਆ ਸੀ, ਤਾਂ ਸਾਨੂੰ ਇਹ ਦੱਸੋ ਕਿ ਉਨ੍ਹਾਂ ਨਾਲ ਕਿਵੇਂ ਵੱਖਰਾ ਸਲੂਕ ਕੀਤਾ ਗਿਆ ਸੀ।
- ਅਜਿਹਾ ਕੋਈ ਵੀ ਦਸਤਾਵੇਜ਼ ਨੱਥੀ ਕਰੋ ਜੋ ਤੁਹਾਨੂੰ ਲੱਗਦਾ ਹੈ ਕਿ ਤੁਹਾਡੀ ਸ਼ਿਕਾਇਤ ਨੂੰ ਬਿਹਤਰ ਤਰੀਕੇ ਨਾਲ ਸਮਝਣ ਵਿੱਚ ਸਾਡੀ ਮਦਦ ਕਰ ਸਕਦਾ ਹੈ।

## 5. ਕਿਰਪਾ ਕਰਕੇ ਹੇਠਾਂ ਅਜਿਹਾ ਕੋਈ ਵੀ ਵਿਅਕਤੀ ਸੂਚੀਬੱਧ ਕਰੋ ਸ਼ਿਕਾਇਤ ਦੇ ਸਮਰਥਨ ਵਿੱਚ ਜਾਂ ਉਸਨੂੰ ਸਪੱਸ਼ਟ ਕਰਨ ਲਈ ਵਾਧੂ ਜਾਣਕਾਰੀ ਵਾਸਤੇ ਅਸੀਂ ਜਿਸ ਨਾਲ ਸੰਪਰਕ ਕਰ ਸਕਦੇ ਹਾਂ।

| ਨਾਂ | ਪਤਾ | ਫ਼ੋਨ |
|---|---|---|
| | | |
| | | |
| | | |
| | | |
| | | |

## 6. ਵਿਤਕਰੇ ਦਾ ਅਧਾਰ:

- ਤੁਸੀਂ ਜਿਸ ਕਿਸਮ ਦੇ ਵਿਤਕਰੇ ਦਾ ਅਨੁਭਵ ਕੀਤਾ ਹੈ ਉਸ ’ਤੇ ਨਿਸ਼ਾਨ ਲਗਾਓ, ਜਿਵੇਂ ਉਮਰ, ਜਾਤੀ, ਰੰਗ, ਰਾਸ਼ਟਰੀ ਮੂਲ, ਅਪਾਹਜਤਾ ਆਦਿ।
- ਜੇਕਰ ਤੁਹਾਨੂੰ ਲੱਗਦਾ ਹੈ ਕਿ ਇੱਕ ਤੋਂ ਵੱਧ ਅਧਾਰ ਸ਼ਾਮਲ ਸੀ, ਤਾਂ ਤੁਸੀਂ ਇੱਕ ਤੋਂ ਜ਼ਿਆਦਾ ਖਾਨੇ ਵਿੱਚ ਨਿਸ਼ਾਨ ਲਗਾ ਸਕਦੇ ਹੋ:

☐ ਉਮਰ – *ਜਨਮ ਦੀ ਤਾਰੀਖ਼*:
☐ ਰੰਗ
☐ ਰਾਸ਼ਟਰੀ ਮੂਲ (ਅੰਗਰੇਜ਼ੀ ਵਿੱਚ ਸੀਮਿਤ ਮੁਹਾਰਤ ਸਮੇਤ)
☐ ਬਦਲਾ ਲੈਣਾ
☐ ਜਾਤੀ – *ਜਾਤੀ ਦੱਸੋ*:
☐ ਲਿੰਗ (ਜਿਸ ਵਿੱਚ ਗਰਭ ਅਵਸਥਾ, ਬੱਚੇ ਦਾ ਜਨਮ, ਅਤੇ ਸੰਬੰਧਿਤ ਮੈਡੀਕਲ ਸਥਿਤੀਆਂ, ਸੈਕਸ ਸਟੀਰੀਓਟਾਈਪਿੰਗ, ਟ੍ਰਾਂਸਜੈਂਡਰ ਸਥਿਤੀ, ਅਤੇ ਜਿਨਸੀ ਪਛਾਣ/ਅਭਿਵਿਅਕਤੀ ਸ਼ਾਮਲ ਹਨ)
☐ ਨਾਗਰਿਕਤਾ ਜਾਂ ਪਰਦੇਸੀ ਯੂ.ਐੱਸ. ਵਰਕਰ ਵਜੋਂ ਸਥਿਤੀ
☐ ਅਪਾਹਜਤਾ
☐ ਰਾਜਨੀਤਿਕ ਮਾਨਤਾ ਜਾਂ ਵਿਸ਼ਵਾਸ
☐ ਧਰਮ
☐ ਜਿਨਸੀ ਛੇੜ-ਛਾੜ
☐ ਜਿਨਸੀ ਰੁਝਾਨ
☐ ਹੋਰ (*ਸਪਸ਼ਟ ਕਰੋ*):

## 7. ਕੀ ਤੁਸੀਂ ਪਹਿਲਾਂ ਇਸ ਵਿਅਕਤੀ/ਇਕਾਈ ਦੇ ਵਿਰੁੱਧ ਸ਼ਿਕਾਇਤ ਦਰਜ ਕੀਤੀ ਹੈ? ☐ ਹਾਂ ☐ ਨਹੀਂ

ਜੇਕਰ **ਹਾਂ**, ਤਾਂ ਹੇਠਾਂ ਦਿੱਤੇ ਸਵਾਲਾਂ ਦੇ ਜਵਾਬ ਦਿਓ।

**a.** ਕੀ ਤੁਹਾਡੀ ਸ਼ਿਕਾਇਤ ਲਿਖਤੀ ਰੂਪ ਵਿੱਚ ਸੀ? ☐ **ਹਾਂ** ☐ **ਨਹੀਂ**
**b.** ਤੁਸੀਂ ਕਿਸ ਤਾਰੀਖ਼ ਨੂੰ ਸ਼ਿਕਾਇਤ ਦਰਜ ਕੀਤੀ ਸੀ?
**c.** ਉਸ ਦਫ਼ਤਰ ਦਾ ਨਾਂ ਜਿੱਥੇ ਤੁਸੀਂ ਸ਼ਿਕਾਇਤ ਦਰਜ ਕੀਤੀ ਸੀ:

ਪਤਾ:

ਸ਼ਹਿਰ: ਰਾਜ: ਜ਼ਿਪ ਕੋਡ:

ਫ਼ੋਨ ਨੰਬਰ: ਸੰਪਰਕ ਵਿਅਕਤੀ (*ਜੇਕਰ ਪਤਾ ਹੈ*):

**d.** ਕੀ ਤੁਹਾਨੂੰ ਅੰਤਿਮ ਫੈਸਲਾ ਜਾਂ ਰਿਪੋਰਟ ਪ੍ਰਦਾਨ ਕੀਤੀ ਗਈ ਹੈ? ☐ **ਹਾਂ** ☐ **ਨਹੀਂ**
**ਜੇਕਰ ਤੁਸੀਂ “ਹਾਂ” ’ਤੇ ਨਿਸ਼ਾਨ ਲਗਾਇਆ ਸੀ, ਤਾਂ ਕਿਰਪਾ ਕਰਕੇ ਸ਼ਿਕਾਇਤ ਦੀ ਇੱਕ ਕਾਪੀ ਨੱਥੀ ਕਰੋ।**

## 8. ਇੱਕ ਨਿੱਜੀ ਪ੍ਰਤੀਨਿਧੀ ਦੀ ਚੋਣ:

- ਤੁਸੀਂ ਇਸ ਸ਼ਿਕਾਇਤ ਨਾਲ ਨਜਿੱਠਣ ਵਾਸਤੇ ਆਪਣੀ ਨੁਮਾਇੰਦਗੀ ਕਰਨ ਲਈ ਕਿਸੇ ਹੋਰ ਵਿਅਕਤੀ ਦੀ ਚੋਣ ਕਰ ਸਕਦੇ ਹੋ। ਉਹ ਕੋਈ ਰਿਸ਼ਤੇਦਾਰ, ਦੋਸਤ, ਯੂਨੀਅਨ ਦਾ ਪ੍ਰਤੀਨਿਧੀ, ਵਕੀਲ, ਜਾਂ ਕੋਈ ਹੋਰ ਵਿਅਕਤੀ ਹੋ ਸਕਦਾ ਹੈ।
- ਜੇਕਰ ਤੁਸੀਂ ਆਪਣੀ ਨੁਮਾਇੰਦਗੀ ਕਰਨ ਲਈ ਕਿਸੇ ਹੋਰ ਵਿਅਕਤੀ ਨੂੰ ਨਿਯੁਕਤ ਕਰਨ ਦੀ ਚੋਣ ਕਰਦੇ ਹੋ, ਤਾਂ ਤੁਹਾਡੇ ਨਾਲ ਸਾਡਾ ਸਾਰਾ ਸੰਚਾਰ ਤੁਹਾਡੇ ਪਤੀਨਿਧੀ ਰਾਹੀਂ ਕੀਤਾ ਜਾਵੇਗਾ।

ਕੀ ਤੁਸੀਂ ਇਸ ਸ਼ਿਕਾਇਤ ਨਾਲ ਨਜਿੱਠਣ ਲਈ ਕਿਸੇ ਨਿੱਜੀ ਪ੍ਰਤੀਨਿਧੀ ਨੂੰ ਅਧਿਕਾਰਤ ਕਰਨਾ ਚਾਹੁੰਦੇ ਹੋ? ☐ **ਹਾਂ** ☐ **ਨਹੀਂ**
ਜੇਕਰ **ਹਾਂ**, ਤਾਂ ਹੇਠਾਂ ਦਿੱਤਾ ਗਿਆ ਸੈਕਸ਼ਨ ਪੂਰਾ ਕਰੋ। ਜੇਕਰ **ਨਹੀਂ**, ਤਾਂ ਸੈਕਸ਼ਨ 9 ’ਤੇ ਜਾਓ।

**ਨਿੱਜੀ ਪ੍ਰਤੀਨਿਧੀ ਨੂੰ ਅਧਿਕਾਰਤ ਕਰਨਾ:**

ਮੈਂ ਇਸ ਸ਼ਿਕਾਇਤ ਦੇ ਸੰਬੰਧ ਵਿੱਚ ਵਿਚੋਲਗੀ, ਸਮਝੌਤਾ ਕਾਨਫਰੰਸਾਂ, ਜਾਂ ਜਾਂਚ ਜਿਹੇ ਮਾਮਲਿਆਂ ਵਿੱਚ ਹੇਠਾਂ ਪਛਾਣੇ ਗਏ ਵਿਅਕਤੀ ਨੂੰ ਮੇਰੇ ਨਿੱਜੀ ਪ੍ਰਤੀਨਿਧੀ ਵਜੋਂ ਮੇਰੇ ਵੱਲੋਂ ਕਾਰਵਾਈ ਕਰਨ ਲਈ ਅਧਿਕਾਰਤ ਕਰਨਾ ਚਾਹੁੰਦਾ/ਚਾਹੁੰਦੀ ਹਾਂ।

ਨਾਂ:

☐ ਮੈਂ ਸ਼ਿਕਾਇਤਕਰਤਾ ਦੀ ਨੁਮਾਇੰਦਗੀ ਕਰਨ ਵਾਲਾ ਵਕੀਲ ਹਾਂ। ☐ ਮੈਂ ਸ਼ਿਕਾਇਤਕਰਤਾ ਦੀ ਨੁਮਾਇੰਦਗੀ ਕਰਨ ਵਾਲਾ ਵਕੀਲ ਨਹੀਂ ਹਾਂ।

ਡਾਕ ਪਤਾ:

ਸ਼ਹਿਰ: ਰਾਜ: ਜ਼ਿਪ ਕੋਡ:

ਫ਼ੋਨ: ਫ਼ੈਕਸ:

ਈ-ਮੇਲ:

## 9. ਵਿਵਾਦ ਦੇ ਵਿਕਲਪਕ ਹੱਲ (ADR) ਨੂੰ ਵਿਚੋਲਗੀ ਵੀ ਕਿਹਾ ਜਾਂਦਾ ਹੈ।

**ਨੋਟਿਸ**: ਜੇਕਰ ਤੁਸੀਂ ਆਪਣੇ ਮਾਮਲੇ ਵਿੱਚ ਵਿਚੋਲਗੀ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਇਹ ਦੱਸਣਾ ਪਵੇਗਾ। EEO ਦਫ਼ਤਰ ਓਦੋਂ ਤੱਕ ਤੁਹਾਡੀ ਸ਼ਿਕਾਇਤ ’ਤੇ ਕਾਰਵਾਈ ਸ਼ੁਰੂ ਨਹੀਂ ਕਰ ਸਕਦਾ ਜਦੋਂ ਤੱਕ ਤੁਸੀਂ ਕੋਈ ਚੋਣ ਨਹੀਂ ਕਰਦੇ। ਕਿਰਪਾ ਕਰਕੇ ਹੇਠਾਂ ਦਿੱਤੀਆਂ ਗਈਆਂ ਥਾਂਵਾਂ ਵਿੱਚ **ਹਾਂ** ਜਾਂ **ਨਹੀਂ** ’ਤੇ ਨਿਸ਼ਾਨ ਲਗਾਓ।

- ਵਿਚੋਲਗੀ ਤੁਹਾਡੀ ਸ਼ਿਕਾਇਤ ਦੀ ਜਾਂਚ ਕਰਵਾਉਣ ਦਾ ਵਿਕਲਪ ਹੈ।
- ਵਿਚੋਲਗੀ ਕਰਕੇ ਕਿਸੇ ਵੀ ਧਿਰ ਨੂੰ ਕੋਈ ਵੀ ਨੁਕਸਾਨ ਨਹੀਂ ਹੁੰਦਾ।
- ਸ਼ਿਕਾਇਤ ਵਿੱਚ ਸ਼ਾਮਲ ਧਿਰਾਂ ਤੱਥਾਂ ਦੀ ਸਮੀਖਿਆ ਕਰਦੀਆਂ ਹਨ, ਤੱਥਾਂ ਬਾਰੇ ਵਿਚਾਰਾਂ 'ਤੇ ਚਰਚਾ ਕਰਦੀਆਂ ਹਨ, ਅਤੇ ਅਜਿਹੇ ਇੱਕ ਸਮਝੌਤੇ ਲਈ ਕੋਸ਼ਿਸ਼ ਕਰਦੀਆਂ ਹਨ ਜੋ ਦੋਵਾਂ ਲਈ ਤਸੱਲੀਬਖਸ਼ ਹੋਵੇ।
    - ਵਿਚੋਲਗੀ ਕਰਨ ਲਈ ਸਮਝੌਤਾ ਉਸ ਵਿਅਕਤੀ/ਇਕਾਈ ਦੁਆਰਾ ਕਸੂਰ ਤੋਂ ਨਾਗਾ ਕਰਨਾ ਨਹੀਂ ਹੈ, ਜਿਸ ਬਾਰੇ ਤੁਸੀਂ ਦਾਅਵਾ ਕਰਦੇ ਹੋ ਕਿ ਉਸਨੇ ਤੁਹਾਡੇ ਨਾਲ ਵਿਤਕਰਾ ਕੀਤਾ ਸੀ।
    - ਵਿਚੋਲਗੀ ਇੱਕ ਸਿਖਲਾਈ ਪ੍ਰਾਪਤ, ਯੋਗ, ਅਤੇ ਨਿਰਪੱਖ ਵਿਚੋਲੇ ਦੁਆਰਾ ਕਰਵਾਈ ਜਾਂਦੀ ਹੈ।
    - ਤੁਹਾਡੇ (ਜਾਂ ਤੁਹਾਡੇ ਨਿੱਜੀ ਪ੍ਰਤੀਨਿਧੀ) ਦਾ ਇੱਕ ਤਸੱਲੀਬਖਸ਼ ਸਮਝੌਤੇ ਲਈ ਗੱਲਬਾਤ ਕਰਨ 'ਤੇ ਨਿਯੰਤਰਣ ਹੁੰਦਾ ਹੈ।
    - *ਸਮਝੌਤੇ ਦੀਆਂ ਸ਼ਰਤਾਂ ‘ਤੇ ਉਸ ਵਿਅਕਤੀ/ਇਕਾਈ ਦੁਆਰਾ ਦਸਤਖ਼ਤ ਕੀਤੇ ਜਾਂਦੇ ਹਨ, ਜਿਸ ਬਾਰੇ ਤੁਸੀਂ ਦਾਅਵਾ ਕਰਦੇ ਹੋ ਕਿ ਉਸਨੇ ਤੁਹਾਡੇ ਨਾਲ ਵਿਤਕਰਾ ਕੀਤਾ ਸੀ।*
    - *ਸਮਝੌਤਾ ਦੋਵਾਂ ਧਿਰਾਂ ਲਈ ਕਨੂੰਨੀ ਤੌਰ ‘ਤੇ ਬੱਝਵਾਂ ਹੁੰਦਾ ਹੈ।*
    - ਜੇਕਰ ਸਮਝੌਤਾ ਨਹੀਂ ਹੁੰਦਾ, ਤਾਂ ਬਾਕਾਇਦਾ ਜਾਂਚ ਸ਼ੁਰੂ ਹੋਵੇਗੀ।
    - ਸਮਝੌਤਾ ਪੂਰਾ ਕਰਨ ਵਿੱਚ ਨਾਕਾਮ ਰਹਿਣ ਦੇ ਨਤੀਜੇ ਵਜੋਂ ਬਾਕਾਇਦਾ ਜਾਂਚ ਹੋਵੇਗੀ।
    - ਜੇਕਰ ਬਦਲਾ ਲੈਣ ਦੀ ਰਿਪੋਰਟ ਕੀਤੀ ਜਾਂਦੀ ਹੈ ਤਾਂ ਬਾਕਾਇਦਾ ਜਾਂਚ ਸ਼ੁਰੂ ਕੀਤੀ ਜਾਵੇਗੀ।

- ਕੀ ਤੁਸੀਂ ਆਪਣੀ ਸ਼ਿਕਾਇਤ ਵਿੱਚ ਵਿਚੋਲਗੀ ਚਾਹੁੰਦੇ ਹੋ?
  (ਕਿਰਪਾ ਕਰਕੇ ਸਿਰਫ਼ ਇੱਕ ਖਾਨੇ ਵਿੱਚ ਨਿਸ਼ਾਨ ਲਗਾਓ)

☐ **ਹਾਂ**, ਮੈਂ ਵਿਚੋਲਗੀ ਚਾਹੁੰਦਾ/ਚਾਹੁੰਦੀ ਹਾਂ। ☐ **ਨਹੀਂ**, ਕਿਰਪਾ ਕਰਕੇ ਜਾਂਚ ਕਰੋ।

## 10. ਸ਼ਿਕਾਇਤਕਰਤਾ ਦੇ ਦਸਤਖ਼ਤ:

ਇਸ ਫ਼ਾਰਮ ’ਤੇ ਤੁਹਾਡੇ ਦਸਤਖ਼ਤ ਨਾਲ ਇਸ ਸ਼ਿਕਾਇਤ ’ਤੇ ਕਾਰਵਾਈ ਦੀ ਸ਼ੁਰੂਆਤ ਹੋਵੇਗੀ। ਇਸ ਫ਼ਾਰਮ ’ਤੇ ਦਸਤਖ਼ਤ ਕਰ ਕੇ, ਤੁਸੀਂ ਝੂਠੀ ਗਵਾਹੀ ਲਈ ਸਜ਼ਾ ਦੇ ਤਹਿਤ ਘੋਸ਼ਣਾ ਕਰ ਰਹੇ ਹੋ ਕਿ ਇਸ ਵਿੱਚ ਸ਼ਾਮਲ ਜਾਣਕਾਰੀ ਤੁਹਾਡੀ ਸਮਝ ਜਾਂ ਵਿਸ਼ਵਾਸ ਦੇ ਮੁਤਾਬਕ ਸੱਚੀ ਅਤੇ ਸਹੀ ਹੈ।

**ਦਸਤਖ਼ਤ:** **ਤਾਰੀਖ਼:**

EDD ਇੱਕ ਸਮਾਨ ਮੌਕਾ ਮਾਲਕ/ਪ੍ਰੋਗਰਾਮ ਹੈ। ਵਿਕਲਾਂਗ ਵਿਅਕਤੀਆਂ ਦੀ ਬੇਨਤੀ 'ਤੇ ਸਹਾਇਕ ਸਹਾਇਤਾ ਅਤੇ ਸੇਵਾਵਾਂ ਉਪਲਬਧ ਹਨ। 1-916-654-8434 (ਵੌਇਸ) 'ਤੇ ਫ਼ੋਨ ਕਰ ਕੇ ਸੇਵਾਵਾਂ, ਸਹਾਇਤਾਵਾਂ ਅਤੇ/ਜਾਂ ਵਿਕਪਲਕ ਸਰੂਪਾਂ ਲਈ ਬੇਨਤੀਆਂ ਕਰਨ ਦੀ ਲੋੜ ਹੈ। TTY ਵਰਤੋਂਕਾਰ, ਕਿਰਪਾ ਕਰਕੇ 711 'ਤੇ California Relay Service ਨੂੰ ਫ਼ੋਨ ਕਰੋ।